**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ।**

ਹੁਕਮ ਨੰ: 10/13-04 ਅ-3 (2) (ਕੋ:ਸੈਲ (2) )
ਮਿਤੀ, ਐਸ.ਏ.ਐਸ.ਨਗਰ :- 18-08-15

ਸ਼੍ਰੀਮਤੀ ਨਿਰਮੋਲਜੀਤ ਕੌਰ, ਸ.ਸ. ਮਿਸਟ੍ਰੈਸ, ਸਹਸ ਢਡਿਆਲਾ ਨਜਾਰਾ, ਗੁਰਦਾਸਪੁਰ ਜੋ ਮਿਤੀ 01-06-2003 ਤੋਂ ਸਰਕਾਰੀ ਡਿਊਟੀ ਤੋਂ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਚੱਲੀ ਆ ਰਹੀ ਹੈ, ਨੂੰ ਇਸ ਦਫਤਰ ਦੇ ਹੁਕਮ ਨੰ: 10/13-2004 ਅ-3 (2) ਮਿਤੀ 23-02-2004 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਾਂਮਾਵਲੀ 1970 ਦੀ ਧਾਰਾ 8 ਤਹਿਤ ਦੋਸ਼ ਸੂਚੀ ਜਾਰੀ ਕੀਤੀ ਗਈ ਸੀ।

ਸ਼੍ਰੀਮਤੀ ਨਿਰਮੋਲਜੀਤ ਕੌਰ, ਸ.ਸ. ਮਿਸਟ੍ਰੈਸ, ਸਹਸ ਢਡਿਆਲਾ ਨਜਾਰਾ, ਗੁਰਦਾਸਪੁਰ ਵੱਲੋ ਦੋਸ਼ ਸੂਚੀ ਦਾ ਉਤਰ ਪ੍ਰਾਪਤ ਨਾ ਹੋਣ ਕਾਰਨ, ਉਸ ਵਿਰੁੱਧ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਇਸ ਦਫਤਰ ਦੇ ਹੁਕਮ ਨੰ: 10/13-2004 ਅ-3 (2) ਮਿਤੀ 10-11-2004 ਰਾਂਹੀ ਸ਼੍ਰੀ ਕੇ.ਸੀ.ਕਪੂਰ, ਮੰਡਲ ਸਿਖਿਆ ਅਫਸਰ, ਜਲੰਧਰ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ। ਪੜਤਾਲੀਆ ਅਫਸਰ ਵੱਲੋਂ ਪ੍ਰਾਪਤ ਹੋਈ ਪੜਤਾਲ ਰਿਪੋਰਟ ਅਨੁਸਾਰ ਕਰਮਚਾਰਨ ਵਿਰੁੱਧ ਸਰਕਾਰੀ ਡਿਊਟੀ ਤੋ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਕਾਰਨ ਅਤੇ ਪੜਤਾਲ ਵਿਚ ਨਾ ਸ਼ਾਮਲ ਹੋਣ ਕਾਰਨ ਪਬਲਿਕ ਨੋਟਿਸ ਦੇਣ ਦਾ ਸੁਝਾਅ ਪੇਸ਼ ਕੀਤਾ ।

ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਸ਼੍ਰੀਮਤੀ ਨਿਰਮੋਲਜੀਤ ਕੌਰ, ਸ.ਸ. ਮਿਸਟ੍ਰੈਸ, ਸਹਸ ਢਡਿਆਲਾ ਨਜਾਰਾ, ਗੁਰਦਾਸਪੁਰ ਨੂੰ ਆਪਣੀ ਡਿਊਟੀ ਤੋਂ ਅਣ-ਅਧਿਕਾਰਤ ਤੌਰ ਤੇ ਗੈਰ-ਹਾਜ਼ਰ ਰਹਿਣ ਕਾਰਨ ਮਿਤੀ 14-06-15 ਨੂੰ ਦ ਟ੍ਰਿਬਿਊਨ ਅਖਬਾਰ ਵਿਚ ਪਬਲਿਕ ਨੋਟਿਸ ਦਿੱਤਾ ਗਿਆ ਜਿਸ ਵਿਚ ਲੜੀ ਨੰ:11 ਤੇ ਇਸ ਕਰਮਚਾਰਨ ਦਾ ਨਾਂ ਸ਼ਾਮਲ ਹੈ। ਕਰਮਚਾਰਨ ਨੂੰ ਮੌਕਾ ਦਿੱਤਾ ਗਿਆ ਕਿ ਉਹ ਆਪਣੇ ਪੱਖ ਵਿਚ ਜੇਕਰ ਕੁਝ ਕਹਿਣਾ ਚਾਹੁੰਦੀ ਹੈ ਤਾਂ ਨੋਟਿਸ ਛੱਪਣ ਦੇ 21 ਦਿਨਾਂ ਦੇ ਅੰਦਰ ਅੰਦਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕਰੇ ਪਰੰਤੂ ਇਸ ਨੋਟਿਸ ਦੇ ਜਵਾਬ ਵਿਚ ਕਰਮਚਾਰਨ ਨੇ ਨਾ ਤਾਂ ਕੋਈ ਉਤਰ ਦਿੱਤਾ ਅਤੇ ਨਾ ਹੀ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕੀਤਾ। ਇਸ ਤੋ ਇਹ ਸਪਸ਼ਟ ਹੈ ਕਿ ਕਰਮਚਾਰਨ ਸਰਕਾਰੀ ਨੌਕਰੀ ਚਾਲੂ ਰੱਖਣ ਵਿਚ ਦਿਲਚਸਪੀ ਨਹੀ ਰੱਖਦੀ ਅਤੇ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ਼੍ਰੀਮਤੀ ਨਿਰਮੋਲਜੀਤ ਕੌਰ, ਸ.ਸ. ਮਿਸਟ੍ਰੈਸ, ਸਹਸ ਢਡਿਆਲਾ ਨਜਾਰਾ, ਗੁਰਦਾਸਪੁਰ ਦੇ ਅਣ-ਅਧਿਕਾਰਤ ਤੌਰ ਤੇ ਮਿਤੀ 01-06-2003 ਤੋਂ ਹੁਣ ਤੱਕ ਅਣ-ਅਧਿਕਾਰਤ ਤੌਰ ਤੇ ਲਗਾਤਾਰ ਸਰਕਾਰੀ ਡਿਊਟੀ ਤੋ ਜਾਣਬੁੱਝ ਕੇ ਗੈਰ ਹਾਜਰ ਰਹਿਣ ਦੇ ਦੋਸ਼ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 5 (viii) ਅਧੀਨ ਉਸ ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ / 16341-45 ਮਿਤੀ, ਐਸ.ਏ.ਐਸ.ਨਗਰ : 27/8/15

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਜਲੰਧਰ।
2. ਜਿਲਾ ਸ਼ਿੱਖਿਆ ਅਫਸਰ (ਸੈ:ਸਿ), ਗੁਰਦਾਸਪੁਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾ ਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾਂ ਖਤਮ ਕਰਨ ਸਬੰਧੀ ਇੰਦਰਾਜ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਰਜਿਸਟਰਡ 3. ਮੁੱਖ ਅਧਿਆਪਕ, ਸ.ਹ.ਸ ਢਡਿਆਲਾ ਨਜਾਰਾ, ਗੁਰਦਾਸਪੁਰ ਨੂੰ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ। ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕਰਕੇ ਤਸਦੀਕ ਸ਼ੁਦਾ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ। (ਨੱਥੀ:- ਸੇਵਾ ਪੱਤਰੀ)

4. ਸ਼੍ਰੀਮਤੀ ਨਿਰਮੋਲਜੀਤ ਕੌਰ, ਸ.ਸ. ਮਿਸਟ੍ਰੈਸ, ਸ.ਹ.ਸ ਢਡਿਆਲਾ ਨਜਾਰਾ, ਗੁਰਦਾਸਪੁਰ।

ਸੁਪਰਡੈਂਟ ਕੋਆਰਡੀਨੇਸ਼ਨ ਸੈਲ

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ।**

ਹੁਕਮ ਨੰ: 6/192-13 ਅ-2 (7) (ਕੋ:ਸੈਲ (2) )
ਮਿਤੀ, ਐਸ.ਏ.ਐਸ.ਨਗਰ :- 17-08-15
26

ਸ਼੍ਰੀਮਤੀ ਨਵਦੀਪ ਕੌਰ, ਸਾਇੰਸ ਮਿਸਟ੍ਰੈਸ, ਸ.ਮਿ.ਸ ਫਤਹਿਗੜ੍ਹ ਕੋਰੋਟਾਨਾ ਕੰਪ: ਸ.ਸ.ਸ.ਸ ਤਲਵੰਡੀ ਭੰਗੇਰੀਆਂ, ਜ਼ਿਲ੍ਹਾ ਮੋਗਾ ਜੋ ਮਿਤੀ 01-11-2013 ਤੋਂ ਸਰਕਾਰੀ ਡਿਊਟੀ ਤੋਂ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਚੱਲੀ ਆ ਰਹੀ ਹੈ, ਨੂੰ ਦਫਤਰ ਡਾਇਰੈਕਟਰ ਜਨਰਲ ਸਕੂਲ ਸਿਖਿਆ-ਕਮ-ਪ੍ਰੋਜੈਕਟ ਡਾਇਰੈਕਟਰ ਸਰਵ ਸਿਖਿਆ ਅਥਾਰਿਟੀ, ਪੰਜਾਬ ਦੇ ਹੁਕਮ ਨੰ: ਇੰਕੋ-2 (2093352/ 2014/5576-78 ਮਿਤੀ 13-05-14/15-05-14 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਤੇ ਪੰਜਾਬ ਸਰਕਾਰ ਆਚਰਣ ਨਿਯਮ 1966 ਦੇ ਉਪਬੰਧਾਂ ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ।

ਸ਼੍ਰੀਮਤੀ ਨਵਦੀਪ ਕੌਰ, ਸਾਇੰਸ ਮਿਸਟ੍ਰੈਸ, ਸ.ਮਿ.ਸ ਫਤਿਹਗੜ੍ਹ ਕੋਰੋਟਾਨਾ ਕੰਪ: ਸ.ਸ.ਸ.ਸ ਤਲਵੰਡੀ ਭੰਗੇਰੀਆਂ, ਜ਼ਿਲ੍ਹਾ ਮੋਗਾ ਵੱਲੋ ਦੋਸ਼ ਸੂਚੀ ਦਾ ਉਤਰ ਪ੍ਰਾਪਤ ਨਾ ਹੋਣ ਕਾਰਨ, ਉਸ ਵਿਰੁੱਧ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਦਫਤਰ ਡਾਇਰੈਕਟਰ ਜਨਰਲ ਸਕੂਲ ਸਿਖਿਆ-ਕਮ-ਪ੍ਰੋਜੈਕਟ ਡਾਇਰੈਕਟਰ ਸਰਵ ਸਿਖਿਆ ਅਥਾਰਿਟੀ, ਪੰਜਾਬ ਦੇ ਹੁਕਮ ਨੰ: ਇੰਕੋ-2 (209352)2013/9034-35 ਮਿਤੀ 08-07-14/17-07-14 ਰਾਂਹੀ ਜ਼ਿ:ਸਿ:ਅ (ਸੈਸਿ), ਮੋਗਾ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ। ਪੜਤਾਲੀਆ ਅਫਸਰ ਵੱਲੋਂ ਪ੍ਰਾਪਤ ਹੋਈ ਪੜਤਾਲ ਰਿਪੋਰਟ ਅਨੁਸਾਰ ਕਰਮਚਾਰਨ ਵਿਰੁੱਧ ਸਰਕਾਰੀ ਡਿਊਟੀ ਤੋ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਦਾ ਦੋਸ਼ ਸਿੱਧ ਕੀਤਾ।

ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਸ਼੍ਰੀਮਤੀ ਨਵਦੀਪ ਕੌਰ, ਸਾਇੰਸ ਮਿਸਟ੍ਰੈਸ, ਸ.ਮਿ.ਸ ਫਤਿਹਗੜ੍ਹ ਕੋਰੋਟਾਨਾ ਕੰਪ: ਸ.ਸ.ਸ.ਸ ਤਲਵੰਡੀ ਭੰਗੇਰੀਆਂ, ਜ਼ਿਲ੍ਹਾ ਮੋਗਾ ਨੂੰ ਆਪਣੀ ਡਿਊਟੀ ਤੋਂ ਅਣ-ਅਧਿਕਾਰਤ ਤੌਰ ਤੇ ਗੈਰ-ਹਾਜ਼ਰ ਰਹਿਣ ਕਾਰਨ ਮਿਤੀ 15-01-15 ਨੂੰ ਪੰਜਾਬੀ ਟ੍ਰਿਬਿਊਨ ਅਖਬਾਰ ਵਿਚ ਪਬਲਿਕ ਨੋਟਿਸ ਦਿੱਤਾ ਗਿਆ ਅਤੇ ਕਰਮਚਾਰਨ ਨੂੰ ਮੌਕਾ ਦਿੱਤਾ ਗਿਆ ਕਿ ਉਹ ਆਪਣੇ ਪੱਖ ਵਿਚ ਜੇਕਰ ਕੁਝ ਕਹਿਣਾ ਚਾਹੁੰਦੀ ਹੈ ਤਾਂ ਨੋਟਿਸ ਛੱਪਣ ਦੇ 21 ਦਿਨਾਂ ਦੇ ਅੰਦਰ ਅੰਦਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕਰੇ ਪਰੰਤੂ ਇਸ ਨੋਟਿਸ ਦੇ ਜਵਾਬ ਵਿਚ ਕਰਮਚਾਰਨ ਨੇ ਨਾ ਤਾਂ ਕੋਈ ਉਤਰ ਦਿੱਤਾ ਅਤੇ ਨਾ ਹੀ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕੀਤਾ। ਇਸ ਤੋ ਇਹ ਸਪਸ਼ਟ ਹੈ ਕਿ ਕਰਮਚਾਰਨ ਸਰਕਾਰੀ ਨੌਕਰੀ ਚਾਲੂ ਰੱਖਣ ਵਿਚ ਦਿਲਚਸਪੀ ਨਹੀ ਰੱਖਦੀ ਅਤੇ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ਼੍ਰੀਮਤੀ ਨਵਦੀਪ ਕੌਰ, ਸਾਇੰਸ ਮਿਸਟ੍ਰੈਸ, ਸ.ਮਿ.ਸ ਫਤਿਹਗੜ੍ਹ ਕੋਰੋਟਾਨਾ ਕੰਪ: ਸ.ਸ.ਸ.ਸ ਤਲਵੰਡੀ ਭੰਗੇਰੀਆਂ, ਜ਼ਿਲ੍ਹਾ ਮੋਗਾ ਦੇ ਮਿਤੀ 01-11-2013 ਤੋਂ ਹੁਣ ਤੱਕ ਅਣ-ਅਧਿਕਾਰਤ ਤੌਰ ਤੇ ਲਗਾਤਾਰ ਸਰਕਾਰੀ ਡਿਊਟੀ ਤੋ ਜਾਣਬੁੱਝ ਕੇ ਗੈਰ ਹਾਜਰ ਰਹਿਣ ਦੇ ਦੋਸ਼ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 5 (viii) ਅਧੀਨ ਉਸ ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ / 16302-05 ਮਿਤੀ, ਐਸ.ਏ.ਐਸ.ਨਗਰ : 26/8/15

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਫਰੀਦਕੋਟ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਮੋਗਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾ ਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾਂ ਖਤਮ ਕਰਨ ਸਬੰਧੀ ਇੰਦਰਾਜ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. (ਰਜਿਸਟਰਡ) ਪ੍ਰਿੰਸੀਪਲ, ਸ.ਸ.ਸ.ਸ ਤਲਵੰਡੀ ਭੰਗੇਰੀਆਂ, ਜ਼ਿਲ੍ਹਾ ਮੋਗਾ ਨੂੰ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ। ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕਰਕੇ ਤਸਦੀਕ ਸ਼ੁਦਾ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ।
4. ਸ਼੍ਰੀ ਨਵਦੀਪ ਕੌਰ, ਸਾਇੰਸ ਮਿਸਟ੍ਰੈਸ, ਸ.ਮਿ.ਸ ਫਤਿਹਗੜ੍ਹ ਕੋਰੋਟਾਨਾ ਕੰਪ: ਸ.ਸ.ਸ.ਸ ਤਲਵੰਡੀ ਭੰਗੇਰੀਆਂ, ਜ਼ਿਲ੍ਹਾ ਮੋਗਾ।

ਸੁਪਰਡੈਂਟ ਕੋਆਰਡੀਨੇਸ਼ਨ ਸੈਲ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ।

ਹੁਕਮ ਨੰ: 6/179-2010 ਅਮਲਾ-2 (1)/ਕੋ:ਸੈਲ(3)
ਮਿਤੀ, ਐਸ.ਏ.ਐਸ.ਨਗਰ : 26.08.15

ਸ਼੍ਰੀਮਤੀ ਹਰਵਿੰਦਰ ਕੋਰ, ਸ:ਸ:ਮਿਸਟ੍ਰੈਸ, ਸਰਕਾਰੀ ਮਿਡਲ ਸਕੂਲ, ਘੁਮਾਣ ਕੰਪਲੈਕਸ ਸਰਕਾਰੀ ਹਾਈ ਸਕੂਲ, ਹਿਸੋਵਾਲ ਜਿਲਾ ਲੁਧਿਆਣਾ ਜੋ ਮਿਤੀ 08.02.2010 ਤੋਂ ਸਰਕਾਰੀ ਡਿਊਟੀ ਤੋਂ ਲਗਾਤਾਰ ਅਣ-ਅਧਿਕਾਰਤ ਤੋਰ ਤੇ ਗੈਰ ਹਾਜਰ ਚਲੀ ਆ ਰਹੀ ਹੈ, ਨੂੰ ਇਸ ਦਫਤਰ ਦੇ ਹੁਕਮ ਨੰ: 06/179-2010 ਅਮਲਾ-2(1) ਮਿਤੀ 25.06.10/ 27.09.2010 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵੱਲੀ 1970 ਦੀ ਧਾਰਾ 8 ਦੇ ਨਿਯਮ 5 (v ਤੋਂ ix ਤੱਕ ) ਅਧੀਨ ਦੋਸ ਸੂਚੀ ਜਾਰੀ ਕੀਤੀ ਗਈ ਸੀ।

ਸ਼੍ਰੀਮਤੀ ਹਰਵਿੰਦਰ ਕੋਰ, ਸ:ਸ:ਮਿਸਟ੍ਰੈਸ, ਸਰਕਾਰੀ ਮਿਡਲ ਸਕੂਲ, ਘੁਮਾਣ ਕੰਪਲੈਕਸ ਸਰਕਾਰੀ ਹਾਈ ਸਕੂਲ, ਹਿਸੋਵਾਲ ਜਿਲਾ ਲੁਧਿਆਣਾ ਵੱਲੋ ਦੋਸ਼ ਸੂਚੀ ਦਾ ਉਤਰ ਪ੍ਰਾਪਤ ਨਾ ਹੋਣ ਕਾਰਨ, ਉਸ ਵਿਰੁੱਧ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਇਸ ਦਫਤਰ ਦੇ ਹੁਕਮ ਨੰ: 6/179-2009 ਅਮਲਾ-2(1) ਮਿਤੀ20.11.10/21.12.2010 ਰਾਂਹੀ ਸ਼੍ਰੀਮਤੀ ਕ੍ਰਿਸਨਾ ਦੇਵੀ, ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਿਲਾਸਪੁਰ ਜਿਲਾ ਲੁਧਿਆਣਾ ਹੁਣ ਪ੍ਰਿੰਸੀਪਲ, ਡਾਇਟ, ਜਗਰਾਉਂ (ਲੁਧਿਆਣਾ) ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ। ਪੜਤਾਲੀਆ ਅਫਸਰ ਵੱਲੋਂ ਪ੍ਰਾਪਤ ਹੋਈ ਪੜਤਾਲ ਰਿਪੋਰਟ ਅਨੁਸਾਰ ਕਰਮਚਾਰਨ ਵਿਰੁੱਧ ਮਿਤੀ 08.02.2010 ਤੋ ਸਰਕਾਰੀ ਡਿਊਟੀ ਤੋ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਦਾ ਦੋਸ਼ ਸਿੱਧ ਹੁੰਦਾ ਹੈ।

ਇਸ ਦਫਤਰ ਵਲੋਂ ਡਿਊਟੀ ਤੋਂ ਲਗਾਤਾਰ ਵੱਖ-ਵੱਖ ਮਿਤੀਆਂ ਤੋਂ ਅਣ-ਅਧਿਕਾਰਤ ਤੋਰ ਤੇ ਗੈਰ ਹਾਜਰ ਰਹਿਣ ਵਾਲੇ ਮਾਸਟਰ/ਮਿਸਟ੍ਰੈਸਾ ਸਬੰਧੀ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਇਕ ਸਾਂਝਾ ਇਸਤਿਹਾਰ ਅਖਬਾਰ ਵਿੱਚ ਦਿੱਤਾ ਗਿਆ ਜਿਸ ਵਿੱਚ ਲੜੀ ਨੰ: 06 ਤੇ ਇਸ ਕਰਮਚਾਰਨ ਦਾ ਨਾਂ ਵੀ ਸਾਮਲ ਸੀ। ਇਹ ਇਸ਼ਤਿਹਾਰ ਮਿਤੀ 31-08-14 ਨੂੰ ਪ੍ਰਕਾਸ਼ਿਤ ਹੋਇਆ ਜਿਸ ਰਾਹੀਂ ਸ਼੍ਰੀਮਤੀ ਹਰਵਿੰਦਰ ਕੋਰ, ਸ:ਸ:ਮਿਸਟ੍ਰੈਸ, ਸਰਕਾਰੀ ਮਿਡਲ ਸਕੂਲ, ਘੁਮਾਣ ਕੰਪਲੈਕਸ ਸਰਕਾਰੀ ਹਾਈ ਸਕੂਲ, ਹਿਸੋਵਾਲ ਜਿਲਾ ਲੁਧਿਆਣਾ ਨੂੰ ਮੌਕਾ ਦਿੱਤਾ ਗਿਆ ਕਿ ਉਹ ਆਪਣੇ ਪੱਖ ਵਿਚ ਜੇਕਰ ਕੁੱਝ ਕਹਿਣਾ ਚਾਹੁੰਦੀ ਹੈ ਤਾਂ ਨੋਟਿਸ ਛੱਪਣ ਦੇ 21 ਦਿਨਾਂ ਦੇ ਅੰਦਰ ਅੰਦਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕਰੇ । ਪਰੰਤੂ ਇਸ ਨੋਟਿਸ ਦੇ ਜਵਾਬ ਵਿਚ ਕਰਮਚਾਰਨ ਨੇ ਨਾ ਤਾਂ ਕੋਈ ਉਤਰ ਦਿੱਤਾ ਅਤੇ ਨਾ ਹੀ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕੀਤਾ। ਇਸ ਤੋ ਇਹ ਸਪਸ਼ਟ ਹੈ ਕਿ ਕਰਮਚਾਰਨ ਸਰਕਾਰੀ ਨੌਕਰੀ ਚਾਲੂ ਰੱਖਣ ਵਿਚ ਦਿਲਚਸਪੀ ਨਹੀ ਰੱਖਦੀ ਅਤੇ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ਼੍ਰੀਮਤੀ ਹਰਵਿੰਦਰ ਕੋਰ, ਸ:ਸ:ਮਿਸਟ੍ਰੈਸ, ਸਰਕਾਰੀ ਮਿਡਲ ਸਕੂਲ, ਘੁਮਾਣ ਕੰਪਲੈਕਸ ਸਰਕਾਰੀ ਹਾਈ ਸਕੂਲ, ਹਿਸੋਵਾਲ ਜਿਲਾ ਲੁਧਿਆਣਾ ਦੇ ਅਣ-ਅਧਿਕਾਰਤ ਤੌਰ ਤੇ ਮਿਤੀ 08.02.2010 ਤੋ ਹੁਣ ਤੱਕ ਲਗਾਤਾਰ ਸਰਕਾਰੀ ਡਿਊਟੀ ਤੋ ਜਾਣਬੁੱਝ ਕੇ ਗੈਰ ਹਾਜਰ ਰਹਿਣ ਦੇ ਦੋਸ਼ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5 (Viii) ਅਧੀਨ ਉਸ ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਪਿਠ ਅੰਕਣ ਨੰ: ਉਕਤ / 16309-13 ਮਿਤੀ, ਐਸ.ਏ.ਐਸ.ਨਗਰ : 26/8/15

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ (ਸਿੱਖਿਆ-5 ਸਾਖਾ)
2. ਮੰਡਲ ਸਿੱਖਿਆ ਅਫਸਰ, ਨਾਭਾ।
3. ਜਿਲਾ ਸਿੱਖਿਆ ਅਫਸਰ (ਸੈ:ਸਿ), ਲੁਧਿਆਣਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾਪੱਤਰੀ ਵਿੱਚ ਲਾਲ ਸਿਆਹੀ ਨਾਲ ਸੇਵਾਵਾਂ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ।
4. ਮੁੱਖ ਅਧਿਆਪਕ, ਸਰਕਾਰੀ ਹਾਈ ਸਕੂਲ, ਹਿਸੋਵਾਲ ਜਿਲਾ ਲੁਧਿਆਣਾ ਨੂੰ ਸਬੰਧਤ ਕਰਮਚਾਰਨ ਦੀ ਸੇਵਾਪੱਤਰੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪੱਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ। ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ।
5. ਸ਼੍ਰੀਮਤੀ ਹਰਵਿੰਦਰ ਕੋਰ, ਸ:ਸ:ਮਿਸਟ੍ਰੈਸ, ਸਰਕਾਰੀ ਮਿਡਲ ਸਕੂਲ, ਘੁਮਾਣ ਕੰਪਲੈਕਸ ਸਰਕਾਰੀ ਹਾਈ ਸਕੂਲ, ਹਿਸੋਵਾਲ ਜਿਲਾ ਲੁਧਿਆਣਾ।

ਨੱਥੀ: ਸੇਵਾਪੱਤਰੀ (ਅਸਲ)

ਸੁਪਰਡੰਟ ਕੋਆਰਡੀਨੇਸਨ ਸੈਲ